Oregon Health Authority

**ਮਾਰਚ 2024**

# ਓਰੇਗਨ ਤਮਾਕੂ ਰੀਟੇਲ ਲਾਇਸੰਸ (TRL) ਬੁਲੇਟਿਨ

## TRL ਨਿਰੀਖਣਾਂ ਦੀਆਂ ਕਿਸਮਾਂ

OHA TRL ਪ੍ਰੋਗਰਾਮ ਤਿੰਨ ਕਿਸਮਾਂ ਦੀ ਨਿਰੀਖਣ ਕਰਦਾ ਹੈ:

- **ਅਨੁਪਾਲਣ ਨਿਰੀਖਣ:** ਸਟੇਟ ਅਤੇ ਸੰਘੀ ਤੰਮਾਕੂ ਵਿਕਰੀ ਕਾਨੂੰਨਾਂ ਦੇ ਨਾਲ ਅਨੁਪਾਲਣ, ਜਿਸ ਵਿੱਚ ਇਨਹੈਲੇਂਟ ਡਿਲੀਵਰੀ ਸਿਸਟਮ (IDS) ਬੱਚਿਆਂ ਲਈ ਪ੍ਰਤੀਰੋਧਕ ਪੈਕੇਜਿੰਗ ਨਾਲ ਸਬੰਧਤ ਜ਼ਰੂਰਤਾਂ ਸ਼ਾਮਲ ਹਨ, ਲਈ ਜਾਂਚਾਂ। OHA ਵਲੋਂ ਅਨੁਪਾਲਣ ਮਾਹਰ ਜਾਂ ਸਥਾਨਕ ਪਬਲਿਕ ਹੈਲਥ ਅਥਾਰਟੀਆਂ ਅਨੁਪਾਲਣ ਨਿਰੀਖਣ ਕਰਦੇ ਹਨ। *(ਇਸ ਬਾਰੇ ਜਾਣਕਾਰੀ ਕਿ ਤੁਹਾਡੇ ਸਟੋਰ(ਰਾਂ) ਵਾਸਤੇ ਅਨੁਪਾਲਣ ਜਾਂਚਾਂ ਕੌਣ ਕਰਦਾ ਹੈ, ਇੱਥੇ ਉਪਲਬਧ ਹੈ, ਜਾਂ ਵਧੇਰੇ ਜਾਣਕਾਰੀ ਵਾਸਤੇ Tobacco.Inspections@odhsoha.oregon.govਨਾਲ ਸੰਪਰਕ ਕਰੋ।)*
- **ਨਿਊਨਤਮ ਕਾਨੂੰਨੀ ਵਿਕਰੀ ਉਮਰ (Minimum Legal Sales Age, MLSA) ਸਬੰਧੀ ਨਿਰੀਖਣ:** 21 ਸਾਲ ਤੋਂ ਛੋਟੇ ਲੋਕਾਂ ਨੂੰ ਤੰਬਾਕੂ ਨਾ ਵੇਚਣ ਦੇ ਅਨੁਪਾਲਣ ਲਈ ਜਾਂਚਾਂ। OHA ਜਾਂ ਸਥਾਨਕ ਪਬਲਿਕ ਹੈਲਥ ਅਥਾਰਟੀਆਂ ਵਲੋਂ ਅਨੁਪਾਲਣ ਮਾਹਰ ਨੌਜਵਾਨ ਅੰਡਰਕਵਰ ਬਾਲਗ਼ ਇੰਸਪੈਕਟਰਾਂ ਦੇ ਨਾਲ MLSA ਨਿਰੀਖਣ ਕਰਦੇ ਹਨ।
- **ਅਨੁਪਾਲਣ ਨਿਰੀਖਣ:** ਜੇ ਬਰਾਦਰੀ ਦਾ ਕੋਈ ਸਦੱਸ ਕਿਸੇ ਉਲੰਘਣ ਦੀ ਸ਼ਿਕਾਇਤ ਕਰਦਾ ਹੈ ਜਾਂ ਰਿਟੇਲਰ ਦੇ ਤੰਬਾਕੂ ਰਿਟੇਲ ਲਾਇਸੰਸ ਨਾਲ ਸਬੰਧਤ ਕੋਈ ਸ਼ਿਕਾਇਤ ਦਰਜ ਕਰਦਾ ਹੈ, ਤਾਂ OHA ਇੱਕ ਨਿਰੀਖਣ ਦਾ ਸੰਚਾਲਨ ਕਰੇਗੀ। ਇਹ ਜਨਤਾ ਦੁਆਰਾ ਸ਼ੁਰੂ ਕੀਤੀ ਸ਼ਿਕਾਇਤ ਕਿਰਿਆ ਹੈ, ਅਤੇ ਸ਼ਿਕਾਇਤਾਂ ਇੱਥੇ ਜਾਂ 971-673-2283 'ਤੇ ਕਾਲ ਕਰਕੇ ਦਰਜ ਕੀਤੀਆਂ ਜਾਂਦੀਆਂ ਹਨ।

ਸਰਕਾਰੀ ਆਮਦਨੀ ਮਹਿਕਮਾ (Department of Revenue) ਵੀ ਇਹ ਯਕੀਨੀ ਬਣਾਉਣ ਲਈ ਨਿਰੀਖਣਾ ਕਰਦਾ ਹੈ ਕਿ ਤੰਬਾਕੂ ਰਿਟੇਲਰਾਂ ਕੋਲ ਇੱਕ ਲਾਇਸੰਸ ਹੋਵੇ। ਰਿਟੇਲਰ ਯੂ.ਐਸ. ਫ਼ੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (U.S. Food and Drug Administration, FDA) ਦੁਆਰਾ ਸੰਚਾਲਿਤ ਸੰਘੀ ਨਿਰੀਖਣ ਵੀ ਪ੍ਰਾਪਤ ਕਰ ਸਕਦੇ ਹਨ।


ਇੱਕ ਰਿਟੇਲਰ ਵਜੋਂ, ਤੁਸੀਂ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੁੰਦੇ ਹੋ ਕਿ ਤੁਹਾਡੇ ਕਰਮਚਾਰੀ ਸੰਘੀ, ਸਟੇਟ, ਅਤੇ ਸਥਾਨਕ ਤੰਬਾਕੂ ਕਾਇਦਿਆਂ ਦਾ ਪਾਲਣ ਕਰਦੇ ਹਨ। ਅਸੀਂ ਤੰਬਾਕੂ ਰਿਟੇਲ ਲਾਇਸੰਸਿੰਗ ਬਾਰੇ ਜਾਣਕਾਰੀ ਦੇ ਨਾਲ ਸੰਸਾਧਨਾਂ ਦਾ ਵਿਕਾਸ ਕੀਤਾ ਹੈ ਤਾਂ ਜੋ ਸਾਰੇ ਤੰਬਾਕੂ ਕਾਨੂੰਨਾਂ ਅਤੇ ਕਾਇਦਿਆਂ ਦੇ ਨਾਲ ਅਨੁਪਾਲਣ ਰੱਖਣ ਵਿੱਚ ਤੁਹਾਡੀ ਮਦਦ ਕੀਤੀ ਜਾਵੇ। ਸਾਰੇ ਸੰਸਾਧਨ ਅਤੇ ਰਿਟੇਲਰਾਂ ਲਈ ਗਾਈਡਾਂ https://www.healthoregon.org/tobaccoretailsales 'ਤੇ ਪਾਈਆਂ ਜਾ ਸਕਦੀਆਂ ਹਨ।

# ਨਵਾਂ ਅਨੁਪਾਲਣ ਨਿਰੀਖਣ ਤੱਤ

ਓਰੇਗੋਨ ਸਟੇਟ ਵਿੱਚ ਇਹ ਕਾਨੂੰਨ ਹੈ ਕਿ ਹਰ ਕਿਸਮ ਦੇ IDS, ਜਿਨ੍ਹਾਂ ਨੂੰ ਆਮ ਤੌਰ 'ਤੇ ਈ-ਸਿਗਰਟ ਕਿਹਾ ਜਾਂਦਾ ਹੈ, ਨੂੰ ਅਜਿਹੇ ਤਰੀਕੇ ਪੈਕ ਨਹੀਂ ਕੀਤਾ ਜਾਣਾ ਚਾਹੀਦਾ ਹੈ, ਜਿਸ ਨਾਲ ਨਾਬਾਲਗ ਇਸ ਵੱਲ ਖਿੱਚੇ ਜਾਣ (ਓਰੇਗੋਨ ਸੰਸ਼ੋਧਿਤ ਕਨੂੰਨ (ORS) 431A.175(2)(f)। IDS ਦੀ ਪੈਕਿੰਗ ਨਾਲ ਜੁੜੀਆਂ ਲੋੜਾਂ ਸੰਬੰਧੀ ਪਰਿਭਾਸ਼ਾਵਾਂ ਬਾਰੇ ਜਾਣਨ ਲਈ ਓਰੇਗੋਨ ਪ੍ਰਬੰਧਕੀ ਨਿਯਮ OAR 333-015-0305 ਅਤੇ OAR 333-015-0357 ਦੇਖੋ। **1 ਜੁਲਾਈ 2024 ਨੂੰ ਸ਼ੁਰੂ ਕਰਕੇ, TRL ਪ੍ਰੋਗਰਾਮ ਇਸ ਕਾਨੂੰਨ ਨੂੰ ਅਨੁਪਾਲਣ ਨਿਰੀਖਣਾਂ ਦੇ ਦੁਆਰਾ ਸ਼ੁਰੂ ਕਰੇਗਾ।**

ਨਿਰੀਖਣ ਦੌਰਾਨ, ਅਨੁਪਾਲਣ ਮਾਹਰ IDS ਦੇ ਨਮੂਨੇ ਵੱਲ ਦੇਖਣਗੇ, ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਵੇਚਿਆ ਜਾ ਰਿਹਾ ਉਤਪਾਦ, IDS ਦੀਆਂ ਨਾਬਾਲਗਾਂ ਦਾ ਧਿਆਨ ਖਿੱਚਣ ਵਾਲੀ ਪੈਕਿੰਗ ਦੇ ਨਿਯਮ (OAR 333- 015-0357) ਦੀ ਪਾਲਣਾ ਕਰਦਾ ਹੈ। ਨਾਬਾਲਗਾਂ ਦਾ ਧਿਆਨ ਖਿੱਚਣ ਵਾਲੀ ਪੈਕਿੰਗ ਨਾਲ ਜੁੜੀਆਂ ਖ਼ਾਸ ਸ਼ਰਤਾਂ ਬਾਰੇ ਜਾਣਨ ਲਈ OAR 333-015-0357 ਦੇਖੋ।

ਜ਼ਿਆਦਾ ਜਾਣਕਾਰੀ ਲਈ, ਨਵੀ ਨਾਬਾਲਗਾਂ ਦਾ ਧਿਆਨ ਖਿੱਚਣ ਵਾਲੀ ਪੈਕਿੰਗ ਫੈਕਟ ਸ਼ੀਟ:



OREGON PUBLIC HEALTH DIVISION
Tobacco Retail License Program

## ਨਾਬਾਲਗਾਂ ਦਾ ਧਿਆਨ ਖਿੱਚਦੀ ਪੈਕਿੰਗ

### ਕੀ ਤੁਸੀਂ ਜਾਣਦੇ ਸੀ?

ਓਰੇਗੋਨ ਰਾਜ ਵਿੱਚ ਇਹ ਕਾਨੂੰਨ ਹੈ ਕਿ ਹਰ ਕਿਸਮ ਦੇ ਇਨਹੇਲੈਂਟ ਡਿਲੀਵਰੀ ਸਿਸਟਮ (IDS), ਜਿਨ੍ਹਾਂ ਨੂੰ ਆਮ ਤੌਰ 'ਤੇ ਈ-ਸਿਗਰਟ ਕਿਹਾ ਜਾਂਦਾ ਹੈ, ਨੂੰ ਅਜਿਹੇ ਤਰੀਕੇ ਪੈਕ ਨਹੀਂ ਕੀਤਾ ਜਾਣਾ ਚਾਹੀਦਾ ਹੈ, ਜਿਸ ਨਾਲ ਨਬਾਲਗ ਇਸ ਵੱਲ ਖਿੱਚੇ ਜਾਣ (ਓਰੇਗੋਨ ਸੋਧਤ ਕਨੂੰਨ (ORS) 431A.175(2)(f))। IDS ਦੀ ਪੈਕਿੰਗ ਨਾਲ ਜੁੜੀਆਂ ਸ਼ਰਤਾਂ ਸੰਬੰਧੀ ਪਰਿਭਸ਼ਾਵਾਂ ਬਾਰੇ ਜਾਣਨ ਲਈ ਓਰੇਗੋਨ ਪ੍ਰਬੰਧਕੀ ਨਿਯਮ (OAR) 333-015-0305 ਅਤੇ OAR 333-015-0357 ਦੇਖੋ। **1 ਜੁਲਾਈ 2024 ਤੋਂ**, ਓਰੇਗਨ ਸਿਹਤ ਅਥਾਰਟੀ (OHA) ਦਾ ਤਮਾਕੂ ਵਿਕਰੀ ਲਾਇਸੰਸ ਪ੍ਰੋਗਰਾਮ **ਪਾਲਣਾ ਨਾਲ ਜੁੜੇ ਵੱਖ-ਵੱਖ ਕਿਸਮ ਦੇ ਨਿਰੀਖਣਾਂ ਰਾਹੀਂ ਇਸ ਕਨੂੰਨ ਦੀ ਪਾਲਣਾ ਕਰਾਉਣਾ ਸ਼ੁਰੂ ਕਰੇਗਾ।**


### IDS ਦੀ ਕਿਸ ਤਰ੍ਹਾਂ ਦੀ ਪੈਕਿੰਗ ਨੂੰ ਨਾਬਾਲਗਾਂ ਦਾ ਧਿਆਨ ਖਿੱਚਦੀ ਮੰਨਿਆ ਜਾਂਦਾ ਹੈ

ਪੈਕਿੰਗ ਦੀਆਂ ਅਜਿਹੀਆਂ ਖਾਸੀਅਤਾਂ, ਜੋ ਨਾਬਾਲਗਾਂ ਨੂੰ ਵਾਜਬ ਤਰੀਕੇ ਆਪਣੇ ਵੱਲ ਖਿੱਚਦੀਆਂ ਹਨ, ਇਸ ਵਿੱਚ ਇਹ ਸਭ ਸ਼ਾਮਲ ਹਨ, ਪਰ ਸਿਰਫ ਇਹਨਾਂ ਤੱਕ ਹੀ ਸੀਮਤ ਨਹੀਂ ਹਨ:

- ਕਿਸੇ ਵੀ ਜਾਨਵਰ ਦੀ ਸ਼ਕਲ, ਵਪਾਰਕ ਤੌਰ 'ਤੇ ਮਸ਼ਹੂਰ ਖਿਡੌਣਾ, ਖੇਡ ਦਾ ਸਮਾਨ, ਵਪਾਰਕ ਤੌਰ 'ਤੇ ਮਸ਼ਹੂਰ ਕੈਂਡੀ ਜਾਂ ਫਿਰ ਨਾਬਾਲਗਾਂ ਦੀਆਂ ਤਸਵੀਰਾਂ; ਜਾਂ
- ਪੈਕਿੰਗ ਨਾਲ ਨੱਥੀ ਵਪਾਰਕ ਤੌਰ 'ਤੇ ਮਸ਼ਹੂਰ ਖਿਡੌਣਾ, ਖੇਡ ਦਾ ਸਮਾਨ ਜਾਂ ਫਿਰ ਵਪਾਰਕ ਤੌਰ 'ਤੇ ਮਸ਼ਹੂਰ ਕੈਂਡੀ।

OAR 333-015-0357 ਦੇਖੋ।

1 ਕੁੱਲ 3 200-426702 (rev.11/23) Punjabi



### ਪਾਲਣਾ ਨਿਰੀਖਣਾਂ ਦੇ ਦੌਰਾਨ ਕੀ ਉਮੀਦ ਕੀਤੀ ਜਾਵੇ

ਨਿਰੀਖਣ ਦੌਰਾਨ, ਪਾਲਣਾ ਮਾਹਰ IDS ਦੇ ਨਮੂਨੇ ਵੱਲ ਦੇਖਣਗੇ, ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਵੇਚਿਆ ਜਾ ਰਿਹਾ ਉਤਪਾਦ, IDS ਦੀਆਂ ਨਾਬਾਲਗਾਂ ਦਾ ਧਿਆਨ ਖਿੱਚਣ ਵਾਲੀ ਪੈਕਿੰਗ ਦੇ ਨਿਯਮ (OAR 333-015-0357) ਦੀ ਪਾਲਣਾ ਕਰਦਾ ਹੈ ਜਾਂ ਨਹੀਂ। ਨਾਬਾਲਗਾਂ ਦਾ ਧਿਆਨ ਖਿੱਚਣ ਵਾਲੀ ਪੈਕਿੰਗ ਨਾਲ ਜੁੜੀਆਂ ਖ਼ਾਸ ਸ਼ਰਤਾਂ ਬਾਰੇ ਜਾਣਨ ਲਈ OAR 333-015-0357 ਦੇਖੋ।

### ਨਾਬਾਲਗਾਂ ਦਾ ਧਿਆਨ ਖਿੱਚਣ ਵਾਲੀ IDS ਦੀ ਪੈਕਿੰਗ ਦੀਆਂ ਉਦਾਹਰਣਾਂ

ਈ-ਸਿਗਰਟ
ਖਿਡੌਣਾ
ਉਤਪਾਦ ਦੀ ਸ਼ਕਲ ਜਾਨਵਰ ਵਰਗੀ ਹੋਵੇ ਅਤੇ ਕੋਈ ਵਪਾਰਕ ਤੌਰ 'ਤੇ ਮਸ਼ਹੂਰ ਖਿਡੌਣਾ ਹੋਵੇ।

ਈ-ਸਿਗਰਟ
ਖਿਡੌਣਾ
ਉਤਪਾਦ ਦੀ ਸ਼ਕਲ ਕਿਸੇ ਵਪਾਰਕ ਤੌਰ 'ਤੇ ਮਸ਼ਹੂਰ ਖਿਡੌਣੇ ਵਰਗੀ ਹੋਵੇ।

ਈ-ਸਿਗਰਟ
ਖਿਡੌਣਾ
ਉਤਪਾਦ ਦੀ ਸ਼ਕਲ ਕਿਸੇ ਵਪਾਰਕ ਤੌਰ 'ਤੇ ਮਸ਼ਹੂਰ ਖਿਡੌਣੇ ਵਰਗੀ ਹੋਵੇ।

2 ਕੁੱਲ 3 200-426702 (rev.11/23) Punjabi

ਇਸ ਬਾਰੇ ਦੋ **ਵੈਬਿਨਾਰ** ਹੋਣਗੇ ਕਿ *ਨਾਬਾਲਗਾਂ ਦਾ ਧਿਆਨ ਖਿੱਚਣ ਸਬੰਧੀ ਪੈਕਿੰਗ ਸਬੰਧੀ ਜ਼ਰੂਰਤਾਂ ਦਾ ਅਨੁਪਾਲਣ ਕਿਵੇਂ ਕਰਨਾ ਹੈ:*

- **4 ਅਪ੍ਰੈਲ, ਸਵੇਰੇ 11 ਵਜੇ:** ਅਪ੍ਰੈਲ ਦੇ ਵੈਬਿਨਾਰ ਲਈ ਰਜਿਸਟਰ ਕਰਨ ਲਈ ਇੱਥੇ ਕਲਿਕ ਕਰੋ
- **5 ਜੂਨ, ਦੁਪਹਿਰ 1 ਵਜੇ.:** ਜੂਨ ਦੇ ਵੈਬੀਨਾਰ ਲਈ ਰਜਿਸਟਰ ਕਰਨ ਲਈ ਇੱਥੇ ਕਲਿਕ ਕਰੋ

## ਇਨਹਲੈਂਟ ਡਿਲੀਵਰੀ ਸਿਸਟਮ (IDS) ਬਾਲ-ਰੋਧਕ ਪੈਕੇਜਿੰਗ ਲੋੜਾਂ

IDS (ਜਿਸ ਨੂੰ ਈ-ਸਿਗਰੇਟ ਵੀ ਕਿਹਾ ਜਾਂਦਾ ਹੈ) ਬਾਲ-ਰੋਧਕ ਪੈਕੇਜਿੰਗ ਲੋੜਾਂ ਨੂੰ ਲਾਗੂ ਕਰਨਾ ਪਾਲਣਾ ਨਿਰੀਖਣ ਦੁਆਰਾ 1 ਜਨਵਰੀ, 2024 ਤੋਂ ਸ਼ੁਰੂ ਹੁੰਦਾ ਹੈ। ਇੱਥੇ ਇਸ ਬਾਰੇ ਇੱਕ ਗਾਈਡ ਹੈ ਕਿ ਇਹਨਾਂ ਲੋੜਾਂ ਨੂੰ ਕਿਵੇਂ ਪੂਰਾ ਕਰਨਾ ਹੈ, ਅਤੇ ਇੱਥੇ ਕੁਝ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ (FAQ) ਦੇ ਜਵਾਬ ਹਨ। ਤੁਸੀਂ IDS ਬਾਲ-ਰੋਧਕ ਪੈਕੇਜਿੰਗ ਲੋੜਾਂ ਨਾਲ ਸਬੰਧਤ 7 ਦਸੰਬਰ ਦੇ ਵੈਬਿਨਾਰ ਦੀ ਰਿਕਾਰਡਿੰਗ ਵੀ ਦੇਖ ਸਕਦੇ ਹੋ।

ਬੱਚਿਆਂ ਨੂੰ ਈ-ਤਰਲ ਪਦਾਰਥਾਂ ਦੇ ਸੰਪਰਕ ਤੋਂ ਬਚਾਉਣ ਲਈ ਰਿਟੇਲਰਾਂ ਨੂੰ ਇਹਨਾਂ ਲੋੜਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਨਿਕੋਟੀਨ ਵਾਲੇ ਈ-ਤਰਲ ਪਦਾਰਥਾਂ ਦੇ ਅਚਾਨਕ ਸੰਪਰਕ ਬਾਰੇ ਵਧੇਰੇ ਜਾਣਕਾਰੀ ਲਈ, FDA ਤੋਂ ਇਹ ਲੇਖ ਪੜ੍ਹੋ: ਈ-ਤਰਲ ਪਦਾਰਥਾਂ ਨੂੰ ਸਹੀ ਢੰਗ ਨਾਲ ਕਿਵੇਂ ਸਟੋਰ ਕਰਨਾ ਹੈ ਅਤੇ ਬੱਚਿਆਂ ਨੂੰ ਈ-ਤਰਲ ਪਦਾਰਥਾਂ ਦੇ ਅਚਾਨਕ ਸੰਪਰਕ ਵਿੱਚ ਆਉਣ ਤੋਂ ਕਿਵੇਂ ਰੋਕਣਾ ਹੈ।

## ਉਲੰਘਣ ਸਬੰਧੀ ਦਰਾਂ

ਰਿਟੇਲਰਾਂ ਦੇ ਬੇਤਰਤੀਬ ਨਮੂਨੇ ਦੇ ਆਧਾਰ ਉੱਤੇ, ਨਿਊਨਤਮ ਕਾਨੂੰਨੀ ਵਿਕਰੀ ਦੀ ਉਮਰ (MLSA) ਦੇ ਨਿਰੀਖਣ ਲਈ 2023 ਰਿਟੇਲ ਉਲੰਘਣ ਦਰ 21% ਸੀ। ਇਸ ਵਿੱਚ 2022 ਦੀ ਦਰ ਜੋ ਕਿ 26% ਸੀ, ਦੇ ਮੁਤਾਬਕ ਸੁਧਾਰ ਹੋਇਆ ਹੈ, ਪਰ ਸਾਨੂੰ ਹਾਲੇ ਵੀ 0% ਦੇ ਉਲੰਘਣ ਦਰ ਦੇ ਸਾਡੇ ਟੀਚੇ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਚਾਹੀਦੀ ਹੈ!

ਇਹ ਯਕੀਨੀ ਬਣਾਉਣਾ ਚਾਹੁੰਦੇ ਹੋ ਕਿ ਤੁਸੀਂ ਸਾਰੀਆਂ MLSA ਲੋੜਾਂ ਦਾ ਪਾਲਣ ਕਰ ਰਹੇ ਹੋ? ਇੱਕ ਓਰੇਗੋਨ ਆਈਡੀ ਨੂੰ ਕਿਵੇਂ ਪੜ੍ਹੀਏ ਗਾਈਡ ਨੂੰ ਡਾਊਨਲੋਡ, ਪ੍ਰਿੰਟ ਕਰੋ, ਅਤੇ ਇਸ ਵਿੱਚਲੀਆਂ ਹਿਦਾਇਤਾਂ ਦਾ ਪਾਲਣ ਕਰੋ। ਇਹ ਗਾਈਡ ਰਿਟੇਲ ਕਰਮਚਾਰੀਆਂ ਲਈ ਇੱਕ ਸ਼ਾਨਦਾਰ ਸਿਖਲਾਈ ਸਾਧਨ ਹੈ ਅਤੇ ਹਰ ਵਾਰ ਜਦੋਂ ਵੀ ਤੁਹਾਡਾ ਰਿਟੇਲ ਸਥਾਨ ਤੰਬਾਕੂ ਉਤਪਾਦਾਂ ਨੂੰ ਵੇਚਦਾ ਹੈ, ਵਰਤੀ ਜਾ ਸਕਦੀ ਹੈ।

## ਰਿਟੇਲਰ ਸਰਵੇਖਣ

ਅਸੀਂ ਤੁਹਾਡੇ ਤੋਂ ਸੁਣਨਾ ਚਾਹੁੰਦੇ ਹਾਂ! ਕਿਰਪਾ ਕਰਕੇ ਇਸ ਛੋਟੇ ਸਰਵੇਖਣ ਨੂੰ ਭਰ ਕੇ TRL ਪ੍ਰੋਗਰਾਮ ਨਾਲ ਆਪਣੇ ਅਨੁਭਵ ਬਾਰੇ ਸਾਨੂੰ ਦੱਸਣ ਲਈ ਕੁਝ ਮਿੰਟ ਕੱਢੋ। ਇਹ ਜਾਣਕਾਰੀ ਤੁਹਾਡੀ ਅਤੇ ਹੋਰ ਪਰਚੂਨ ਵਿਕਰੇਤਾਵਾਂ ਦੀ ਬਿਹਤਰ ਸਹਾਇਤਾ ਕਰਨ ਵਿੱਚ ਸਾਡੀ ਮਦਦ ਕਰੇਗੀ।

ਤੁਸੀਂ ਆਪਣੇ ਬ੍ਰਾਊਜ਼ਰ ਵਿੱਚ ਇਸ ਲਿੰਕ ਨੂੰ ਕਾਪੀ ਅਤੇ ਪੇਸਟ ਕਰਕੇ ਵੀ ਸਰਵੇਖਣ ਬਾਰੇ ਪਤਾ ਲਗਾ ਸਕਦੇ ਹੋ: survey.alchemer.com/s3/7615510/TRL-Retailer-Survey.

## ਲਾਇਸੰਸ ਨੂੰ ਰੀਨਿਊ ਕਰਾਉਣਾ

ਤੰਬਾਕੂ ਰਿਟੇਲ ਲਾਈਸੰਸ ਨੂੰ ਹਰ ਸਾਲ, ਜਾਰੀ ਹੋਣ ਦੀ ਮਿਤੀ ਤੋਂ ਇੱਕ ਸਾਲ ਬਾਅਦ ਨਵਿਆਉਣ ਦੀ ਲੋੜ ਹੁੰਦੀ ਹੈ। Oregon Department of Revenue ਹਰ ਲਾਇਸੰਸ-ਪ੍ਰਾਪਤਕਰਤਾ ਨੂੰ ਪੱਤਰ ਭੇਜਦਾ ਹੈ ਜਦੋਂ ਉਹਨਾਂ ਦੀ ਅਰਜ਼ੀ ਦਾ ਰੀਨਿਊਅਲ ਹੋਣ ਵਾਲਾ ਹੁੰਦਾ ਹੈ। ਜੇ ਤੁਹਾਡੇ ਕੋਲ ਆਪਣੇ ਲਾਇਸੰਸ ਬਾਰੇ ਸਵਾਲ ਹਨ, ਇਸ ਨੂੰ ਰੀਨਿਊ ਕਰਾਉਣ ਬਾਰੇ ਜ਼ਿਆਦਾ ਜਾਣਕਾਰੀ ਚਾਹੀਦੀ ਹੈ, ਜਾਂ ਰੀਨਿਊ ਕਰਾਇਆ ਹੈ ਪਰ ਕਦੇ ਵੀ ਆਪਣਾ ਅੱਪਡੇਟ ਕੀਤਾ ਲਾਇਸੰਸ ਪ੍ਰਾਪਤ ਨਹੀਂ ਕੀਤਾ ਹੈ, ਤਾਂ Statewide Tobacco Retail License ਵੈਬਪੰਨੇ 'ਤੇ ਜਾਓ। ਜੇ ਤੁਹਾਨੂੰ ਮਦਦ ਚਾਹੀਦੀ ਹੈ ਜਾਂ ਕੋਈ ਵਿਸ਼ੇਸ਼ ਸਵਾਲ ਹੈ ਜਿਸਦਾ ਜਵਾਬ ਵੈਬਸਾਈਟ ਉੱਤੇ ਨਹੀਂ ਹੈ, ਤਾਂ ਤੁਸੀਂ TRL.help@dor.oregon.gov 'ਤੇ ਈਮੇਲ ਵੀ ਕਰ ਸਕਦੇ ਹੋ।

## ਰਿਟੇਲਰਾਂ ਲਈ ਸੰਸਾਧਨ:

- ਰਿਟੇਲਰਾਂ ਲਈ ਤੰਬਾਕੂ ਰਿਟੇਲ ਲਾਈਸੰਸਿੰਗ ਸਿਖਲਾਈ ਮੈਨੁਅਲ
- ਤੰਬਾਕੂ ਰਿਟੇਲ ਲਾਈਸੰਸਿੰਗਫੈਕਟ ਸ਼ੀਟ (ਸਪੇਨੀ, ਕੋਰੀਅਨ, ਰੂਸੀ, ਚੀਨੀ, ਅਰਬੀ, ਵਿਯਤਨਾਮੀਵਿੱਚ ਉਪਲਬਧ)
- ਤੰਬਾਕੂ ਰਿਟੇਲ ਲਾਈਸੰਸਿੰਗ ਸਬੰਧੀ ਅਕਸਰ ਪੁੱਛੇ ਗਏ ਸਵਾਲ (FAQ) ( ਸਪੈਨਿਸ਼, ਕੋਰੀਆਈ, ਰੂਸੀ, ਚੀਨੀ, ਅਰਬੀ ਅਤੇ ਵਿਯਤਨਾਮੀ ਵਿੱਚ ਉਪਲਬਧ)
- ਨਿਕੋਟੀਨ ਨਿਪਟਾਨ ਸਬੰਧੀ ਗਾਈਡ
- ਲੋੜੀਂਦਾ ਤੰਬਾਕੂ ਵਿਕਰੀ ਸੰਕੇਤ ( ਸਪੈਨਿਸ਼, , ਕੋਰੀਅਨ, ਰੂਸੀ, ਚੀਨੀ, ਅਰਬੀ, ਅਤੇ ਵੀਅਤਨਮੀ ਵਿੱਚ ਉਪਲਬਧ)
- ਓਰੇਗਨ ID ਨੂੰ ਪੜ੍ਹਣ ਲਈ ਹਿਦਾਇਤਾਂ
- ਤੰਬਾਕੂ ਰਿਟੇਲ ਲਾਈਸੰਸਿੰਗ ਉੱਤੇ ਰਿਕਾਰਡ ਕੀਤੀ ਵੈਬਿਨਾਰ ਸਿਖਲਾਈ
- ਬਾਲ-ਰੋਧਕ ਪੈਕੇਜਿੰਗ ਲੋੜਾਂ (ਸਪੈਨਿਸ਼, ਕੋਰੀਅਨ, ਰੂਸੀ, ਚੀਨੀ, ਅਰਬੀ, ਵੀਅਤਨਮੀ, ਹਿੰਦੀ, ਅਤੇ ਪੰਜਾਬੀ ਵਿੱਚ ਉਪਲਬਧ)

## ਸਵਾਲ? ਅਸੀਂ ਮਦਦ ਲਈ ਮੌਜੂਦ ਹਾਂ!

### ਸਰਕਾਰੀ ਆਮਦਨੀ ਦਾ ਮਹਿਕਮਾ (Department of Revenue, DOR):

- DOR ਲਈ ਸਵਾਲਾਂ ਜਾਂ ਬੇਨਤੀਆਂ ਲਈ: TRL.help@dor.oregon.gov, 503-945-8120
- ਕਾਨੂੰਨ ਜਾਂ ਲਾਈਸੰਸਿੰਗ ਬਾਰੇ ਜਾਣਕਾਰੀ ਲਈ: go.usa.gov/xe999

### ਓਰੇਗਨ ਹੈਲਥ ਅਥਾਰਿਟੀ (OHA):

- OHA ਲਈ ਸਵਾਲਾਂ ਜਾਂ ਬੇਨਤੀਆਂ ਲਈ: Tobacco.Inspections@odhsoha.oregon.gov, 971-673-2283
- ਰਿਟੇਲਰਾਂ ਵਾਸਤੇ ਵਧੇਰੀ ਜਾਣਕਾਰੀ ਅਤੇ ਸੰਸਾਧਨਾਂ ਤਕ ਪਹੁੰਚ ਲਈ: www.healthoregon.org/tobaccoretailsales

### ਸਥਾਨਕ ਪਬਲਿਕ ਹੈਲਥ ਅਥਾਰਟੀਆਂ:

- ਸਥਾਨਕ ਤੰਬਾਕੂ ਰਿਟੇਲ ਲਾਈਸੰਸਿੰਗ ਪ੍ਰੋਗਰਾਮ ਲਈ ਸੰਪਰਕ ਜਾਣਕਾਰੀ ਇੱਥੇ ਉਪਲਬਧ ਹੈ, ਜਾਂ ਤੁਹਾਡੇ ਖੇਤਰ ਵਿੱਚ ਹੋ ਰਹੀਆਂ ਗਤੀਵਿਧੀਆਂ ਬਾਰੇ ਪਤਾ ਲਗਾਉਣ ਲਈ Tobacco.Inspections@odhsoha.oregon.gov ‘ਤੇ ਸੰਪਰਕ ਕਰੋ।

**한국어 번역이 필요 하신가요? Quý vị có cần trợ giúp bản dịch?**
**¿Necesita servicios de traducción? Do you need help with translation?**
**是否需要翻译帮助? Вам нужна помощь с переводом?**
**هل انت بحاجة إلى مساعدة في الترجمة؟**

**Tobacco.Inspections@odhsoha.oregon.gov**
**971-673-2283, 711 TTY**